ੴ

# Sikh Society of Michigan

# Adverbs – Supplement
# ਕਿਰਿਆ ਵਿਸ਼ੇਸ਼ਣ

## Lesson #5A

**Definition:**

A word that describes a **verb**, an **adjective** or another **adverb**.

**Examples:**

ਨਵਜੀਤ ਤੇਜ ਦੌੜਦਾ ਹੈ।
Navjeet runs fast.

ਦੁੱਧ ਬਹੁਤ ਗਰਮ ਹੈ।
Milk is very hot.

ਉਹ ਮੁੰਡੇ ਅੱਜ ਆਏ ਸਨ।
Those boys came today.

ਮੈਂ ਨੇੜੇ ਰਹਿੰਦਾ ਹਾਂ।
I live nearby.

**List of adverbs:**

| | | | | |
|---|---|---|---|---|
| ਛੇਤੀ | ਫੇਰ | ਨਾ | ਇੱਥੋਂ | ਕੱਲ੍ਹ |
| ਬਹੁਤ | ਹੁਣੇ | ਹੋਰ | ਉੱਤੇ* | ਅੱਜ ਕੱਲ੍ਹ |
| ਕਿਵੇਂ | ਵੀ | ਤੇਜ | ਜ਼ਰੂਰ | ਥੋੜਾ |

*Can be used as preposition

ਬਾਬਾ ਬੁੱਢਾ ਜੀ ਦਾ ਪਹਿਲਾ ਨਾਂ ਬੂੜਾ ਸੀ । ਆਪ ਜੀ ਦੇ ਪਿਤਾ ਦਾ ਨਾਂ ਸੁੱਘਾ ਸੀ ਤੇ ਮਾਤਾ ਦਾ ਨਾਂ ਗੁਰਾਂ ਸੀ । ਆਪ ਦਾ ਜਨਮ ੧੫੦੬ ਨੂੰ ਪਿੰਡ ਕਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ । ਆਪ ਜੀ ਦੇ ਪਿਤਾ ਖੇਤੀ ਕਰਦੇ ਸਨ ।

ਪਿਤਾ ਨੇ ਆਪ ਜੀ ਨੂੰ ਬਹੁਤ ਹੀ ਛੋਟੀ ਉਮਰ ਵਿੱਚ ਬੱਕਰੀਆਂ ਅਤੇ ਹੋਰ ਪਸ਼ੂ ਚਾਰਨ ਉੱਤੇ ਲਾ ਦਿੱਤਾ । ਇਉਂ ਭਾਈ ਬੂੜਾ ਜੀ ਬੱਚਪਨ ਵਿੱਚ ਪਸ਼ੂ ਚਾਰਿਆ ਕਰਦੇ ਸਨ । ਜਦੋਂ ਆਪ ਜੀ ਦੀ ਉਮਰ ਕੁੱਲ ਬਾਰਾਂ ਸਾਲਾਂ ਦੀ ਸੀ ਤੇ ਆਪ ਜੰਗਲ ਵਿੱਚ ਪਸ਼ੂ ਚਾਰ ਰਹੇ ਸਨ ਤਾਂ ਉੱਥੇ ਗੁਰੂ ਨਾਨਕ ਦੇਵ ਜੀ ਆ ਗਏ ।

ਭਾਈ ਬੂੜਾ ਜੀ ਨੇ ਆਪਣੀ ਗਾਂ ਦਾ ਦੁੱਧ ਚੋਇਆ ਤੇ ਛੰਨੇ ਵਿੱਚ ਪਾ ਕੇ ਗੁਰੂ ਸਾਹਿਬ ਨੂੰ ਭੇਟ ਕੀਤਾ । ਜਦੋਂ ਗੁਰੂ ਸਾਹਿਬ ਨੇ ਦੁੱਧ ਪੀ ਲਿਆ ਤਾਂ ਭਾਈ ਬੂੜੇ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ, 'ਮਹਾਰਾਜ ! ਕੁਝ ਦਿਨ ਹੋਏ ਇੱਥੋਂ ਦੀ ਮੁਗਲਾਂ ਦੀ ਫੌਜ ਲੰਘੀ ਸੀ । ਫੌਜ ਨੇ ਸਾਡੀਆਂ ਸਾਰੀਆਂ ਫਸਲਾਂ ਤਬਾਹ ਕਰ ਦਿੱਤੀਆਂ' । ਗੁਰੂ ਸਾਹਿਬ ਨੇ ਸਹਿਜ ਸੁਭਾਅ ਕਿਹਾ, 'ਕਿਸੇ ਨੇ ਉਨ੍ਹਾਂ ਨੂੰ ਰੋਕਿਆ ਨਾ' ।

ਭਾਈ ਬੂੜੇ ਨੇ ਬੜੇ ਸਾਧਾਰਨ ਬਾਲਪਨ ਵਿੱਚ ਕਿਹਾ, 'ਰੋਕਣਾ ਕਿਨ੍ਹਾਂ ਸੀ । ਉਹ ਫੌਜੀ ਬਹੁਤ ਬਲਵਾਨ ਸਨ । ਕਿਸੇ ਦਾ ਉਨ੍ਹਾਂ ਦੇ ਅੱਗੇ ਕੁਸਕਣ ਦਾ ਜਿਗਰਾ ਹੀ ਨਾ ਪਿਆ' । ਗੁਰੂ ਸਾਹਿਬ ਨੇ ਬੜੀ ਗੰਭੀਰਤਾ ਨਾਲ ਕਿਹਾ, 'ਤਾਂ ਤੇ ਕਾਕਾ ਬੜੀ ਮਾੜੀ ਗੱਲ ਏ । ਕਿਸੇ ਦੇ ਡੌਲੇ ਨਾ ਫਰਕੇ ?'

'ਜੀ ਮੈਂ ਤਾਂ ਹੋਰ ਤਰ੍ਹਾਂ ਸੋਚਦਾ ਹਾਂ । ਉਹ ਬਹੁਤ ਬਲਵਾਨ ਸਨ, ਪਰ ਮੇਰੇ ਵਿਚਾਰ ਅਨੁਸਾਰ ਮੌਤ ਉਨ੍ਹਾਂ ਤੋਂ ਵੀ ਵਧੇਰੇ ਬਲਵਾਨ ਹੈ । ਮੌਤ ਕਿਸੇ ਨੂੰ ਨਹੀਂ ਛੱਡਦੀ । ਗੁਰੂ ਜੀ ! ਕੀ ਮੌਤ ਸਭ ਤੋਂ ਬਲਵਾਨ ਨਹੀਂ ? ਕਿਰਪਾ ਕਰਕੇ ਦੱਸੋ । ਕੀ ਕੋਈ ਮੌਤ ਤੋਂ ਛੁਟਕਾਰਾ ਪਾ ਸਕਦਾ ਹੈ ? ਜੇ ਪਾ ਸਕਦਾ ਹੈ ਤਾਂ ਕਿਵੇਂ ਪਾ ਸਕਦਾ ਹੈ ?' ਭਾਈ ਬੂੜੇ ਨੇ ਨਿਮਰਤਾ ਨਾਲ ਕਿਹਾ ।

ਬਾਬਾ ਬੁੱਢਾ ਜੀ ਦਾ ਪਹਿਲਾ ਨਾਂ ਬੂੜਾ ਸੀ । ਆਪ ਜੀ ਦੇ ਪਿਤਾ ਦਾ ਨਾਂ ਸੁੱਘਾ ਸੀ ਤੇ ਮਾਤਾ ਦਾ ਨਾਂ ਗੁਰਾਂ ਸੀ । ਆਪ ਦਾ ਜਨਮ ੧੫੦੬ ਨੂੰ ਪਿੰਡ ਕਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ । ਆਪ ਜੀ ਦੇ ਪਿਤਾ ਖੇਤੀ ਕਰਦੇ ਸਨ ।

ਪਿਤਾ ਨੇ ਆਪ ਜੀ ਨੂੰ ਬਹੁਤ ਹੀ ***ਛੋਟੀ*** ਉਮਰ ਵਿੱਚ ਬੱਕਰੀਆਂ ਅਤੇ ਹੋਰ ਪਸ਼ੂ ਚਾਰਨ ਉੱਤੇ ਲਾ ਦਿੱਤਾ । ਇਉਂ ਭਾਈ ਬੂੜਾ ਜੀ ਬੱਚਪਨ ਵਿੱਚ ਪਸ਼ੂ *ਚਾਰਿਆ ਕਰਦੇ ਸਨ*। ਜਦੋਂ ਆਪ ਜੀ ਦੀ ਉਮਰ ਕੁੱਲ ਬਾਰਾਂ ਸਾਲਾਂ ਦੀ ਸੀ ਤੇ ਆਪ ਜੰਗਲ ਵਿੱਚ ਪਸ਼ੂ ਚਾਰ ਰਹੇ ਸਨ ਤਾਂ ਉੱਥੇ ਗੁਰੂ ਨਾਨਕ ਦੇਵ ਜੀ ਆ ਗਏ ।

| Adverb | Adjective | Verb |
|---|---|---|

ਭਾਈ ਬੂੜਾ ਜੀ ਨੇ ਆਪਣੀ ਗਾਂ ਦਾ ਦੁੱਧ ਚੋਇਆ ਤੇ ਛੰਨੇ ਵਿੱਚ ਪਾ ਕੇ ਗੁਰੂ ਸਾਹਿਬ ਨੂੰ ਭੇਟ ਕੀਤਾ । ਜਦੋਂ ਗੁਰੂ ਸਾਹਿਬ ਨੇ ਦੁੱਧ ਪੀ ਲਿਆ ਤਾਂ ਭਾਈ ਬੂੜੇ ਨੇ ਗੁਰੂ ਸਾਹਿਬ ਅੱਗੇ *ਬੇਨਤੀ ਕੀਤੀ,* 'ਮਹਾਰਾਜ ! ਕੁਝ ਦਿਨ ਹੋਏ ਇੱਥੋਂ ਦੀ ਮੁਗਲਾਂ ਦੀ ਫੌਜ ਲੰਘੀ ਸੀ । ਫੌਜ ਨੇ ਸਾਡੀਆਂ ਸਾਰੀਆਂ ਫਸਲਾਂ ਤਬਾਹ ਕਰ ਦਿੱਤੀਆਂ' । ਗੁਰੂ ਸਾਹਿਬ ਨੇ ਸਹਿਜ ਸੁਭਾਅ *ਕਿਹਾ,* 'ਕਿਸੇ ਨੇ ਉਨ੍ਹਾਂ ਨੂੰ ਰੋਕਿਆ ਨਾ' ।

| Adverb | Adjective | Verb |
|---|---|---|

ਭਾਈ ਬੂੜੇ ਨੇ ਬੜੇ ਸਾਧਾਰਨ ਬਾਲਪਨ ਵਿੱਚ ਕਿਹਾ,

'ਰੋਕਣਾ ਕਿਨ੍ਹਾਂ ਸੀ । ਉਹ ਫੌਜੀ ਬਹੁਤ ਬਲਵਾਨ ਸਨ । ਕਿਸੇ ਦਾ ਉਨ੍ਹਾਂ ਦੇ ਅੱਗੇ ਕੁਸਕਣ ਦਾ ਜਿਗਰਾ ਹੀ ਨਾ *ਪਿਆ*' । ਗੁਰੂ ਸਾਹਿਬ ਨੇ ਬੜੀ ਗੰਭੀਰਤਾ ਨਾਲ *ਕਿਹਾ,* 'ਤਾਂ ਤੇ ਕਾਕਾ ਬੜੀ ਮਾੜੀ ਗੱਲ ਏ । ਕਿਸੇ ਦੇ ਡੌਲੇ ਨਾ ਫਰਕੇ ?'

'ਜੀ ਮੈਂ ਤਾਂ ਹੋਰ ਤਰ੍ਹਾਂ *ਸੋਚਦਾ ਹਾਂ*। ਉਹ ਬਹੁਤ ਬਲਵਾਨ ਸਨ, ਪਰ ਮੇਰੇ ਵਿਚਾਰ ਅਨੁਸਾਰ ਮੌਤ ਉਨ੍ਹਾਂ ਤੋਂ ਵੀ ਵਧੇਰੇ ਬਲਵਾਨ *ਹੈ*। ਮੌਤ ਕਿਸੇ ਨੂੰ ਨਹੀਂ *ਛੱਡਦੀ* । ਗੁਰੂ ਜੀ ! ਕੀ ਮੌਤ ਸਭ ਤੋਂ ਬਲਵਾਨ ਨਹੀਂ ? ਕਿਰਪਾ ਕਰਕੇ ਦੱਸੋ । ਕੀ ਕੋਈ ਮੌਤ ਤੋਂ ਛੁਟਕਾਰਾ ਪਾ ਸਕਦਾ ਹੈ ? ਜੇ ਪਾ ਸਕਦਾ ਹੈ ਤਾਂ ਕਿਵੇਂ ਪਾ ਸਕਦਾ ਹੈ ?' ਭਾਈ ਬੂੜੇ ਨੇ ਨਿਮਰਤਾ ਨਾਲ *ਕਿਹਾ* ।

| Adverb | Adjective | Verb |
|---|---|---|

| Sentence | | Verb | Adverb |
|---|---|---|---|
| Jaswant eats fast. | ਜਸਵੰਤ ਜਲਦੀ ਖਾਂਦਾ ਹੈ। | ( ਖਾਂਦਾ ਹੈ | ਜਲਦੀ ) |
| I was not writing a letter. | ਮੈਂ ਚਿੱਠੀ ਨਹੀਂ ਲਿਖ ਰਿਹਾ ਸੀ। | (___________ | _________) |
| We will go to Chicago in the morning. | ਅਸੀਂ ਸਵੇਰੇ ਸ਼ਿਕਾਗੋ ਜਾਵਾਂਗੇ। | (__________ | __________) |
| The boys are studying hard. | ਮੁੰਡੇ ਮਿਹਨਤ ਨਾਲ ਪੜ੍ਹ ਰਹੇ ਹਨ। | (__________ | _____________) |
| He exercises everyday. | ਉਹ ਹਰ ਰੋਜ਼ ਕਸਰਤ ਕਰਦਾ ਹੈ। | (___________ | ___________) |
| Call him quickly. | ਉਸਨੂੰ ਛੇਤੀ ਬੁਲਾਉ। | (___________ | __________) |
| He walks slowly. | ਉਹ ਹੌਲੀ–ਹੌਲੀ ਤੁਰਦਾ ਹੈ। | (________ | __________) |
| He will surely pass. | ਉਹ ਜ਼ਰੂਰ ਪਾਸ ਹੋਵੇਗਾ। | (_________ | _________) |
| Now-a-days everything is expensive. | ਅੱਜ ਕੱਲ੍ਹ ਹਰ ਇਕ ਚੀਜ਼ ਮਹਿੰਗੀ ਹੈ। | (________ | __________) |
| Read your book again. | ਆਪਣੀ ਕਿਤਾਬ ਫੇਰ ਪੜ੍ਹੋ। | (__________ | __________) |
| Yesterday, I played and also did my homework. | ਕੱਲ੍ਹ ਮੈਂ ਖੇਡਿਆ ਤੇ ਆਪਣਾ ਕੰਮ ਵੀ ਕੀਤਾ। | (_________ | _________) |